:

# ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ. / ਐ.ਸਿ.), ਬਠਿੰਡਾ

---

ਵੱਲ

ਸਮੂਹ ਬੀ.ਪੀ.ਈ.ਓਜ਼ ਅਤੇ
ਸਕੂਲ ਮੁਖੀ (ਪ੍ਰਾਇਮਰੀ ਅਤੇ ਅਪਰ ਪ੍ਰਾਇ.)
ਜਿਲ੍ਹਾ ਬਠਿੰਡਾ।

ਪੱਤਰ ਨੰ:-ਸਸਅ/ਕਿਤਾਬਾਂ/ 2025-26/2436

ਮਿਤੀ ਬਠਿੰਡਾ: 02.02.2026

ਵਿਸ਼ਾ- ਸਾਲ 2026-27 ਲਈ ਕਿਤਾਬਾਂ ਦੀ ਪਹੁੰਚ ਦੀ ਸੁਚਾਰੂ ਵੰਡ ਸਬੰਧੀ।

ਅੰਕਿਤ ਵਿਸ਼ਾ ਅਧੀਨ ਸਾਲ 2026-27 ਲਈ ਕਿਤਾਬਾਂ ਦੀ ਪਹੁੰਚ ਸਕੂਲਾਂ ਤੱਕ ਕਰਨ ਸਬੰਧੀ ਹੇਠ ਵਿਖੇ ਅਨੁਸਾਰ ਹਦਾਇਤਾਂ ਪ੍ਰਾਪਤ ਹੋਈਆਂ ਹਨ-

1. ਅਗਲੇ ਵਿਦਿਅਕ ਸਾਲ 2026-27 ਦੀ ਸ਼ੁਰੂਆਤ ਨੂੰ ਮੁੱਖ ਰੱਖਦੇ ਹੋਏ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਪਹਿਲੀ ਤੋਂ ਬਾਰਵੀਂ ਜਮਾਤ ਵਿੱਚ ਪੜ੍ਹਦੇ ਸਮੂਹ ਵਿਦਿ.ਨੂੰ ਉਹ ਕਿਤਾਬਾਂ ਜਿਨ੍ਹਾ ਦੀ ਛਪਾਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਈ ਜਾਂਦੀ ਹੈ, ਮੁਫਤ ਮੁਹੱਈਆ ਕਰਵਾਈਆ ਜਾਣੀਆਂ ਹਨ।
2. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਬਲਾਕ ਪੱਧਰ ਕਿਤਾਬਾਂ ਦੀ ਸਪਲਾਈ ਮਿਤੀ 28.01.2026 ਤੋਂ ਸ਼ੁਰੂ ਹੋ ਗਈ ਹੈ। ਇਸ਼ ਲਈ ਆਪ ਵੱਲੋਂ ਜਿਵੇ ਹੀ ਬੋਰਡ ਦੇ ਖੇਤਰੀ ਦਫਤਰ ਤੋਂ ਕਿਤਾਬਾਂ ਬਲਾਕ ਪੱਧਰ ਤੇ ਪੁੱਜਦੀਆਂ ਹੋਣ ਤਾਂ ਕਿਤਾਬਾਂ ਨੂੰ ਸਕੂਲ ਪੱਧਰ ਤੇ ਤੁਰੰਤ ਭੇਜਣਾ ਯਕੀਨੀ ਬਣਾਇਆ ਜਾਵੇ।
3. ਕਿਤਾਬਾਂ ਦੀ ਰੱਖ-ਰਖਾਵ ਅਤੇ ਢੋਆ ਢੁਆਈ ਦੇ ਅਗੇਤੇ ਪ੍ਰਬੰਧ ਕੀਤੇ ਜਾਣ।
4. ਕਿਤਾਬਾਂ ਦੀ ਸਪਲਾਈ ਲਈ ਈ.ਪੰਜਾਬ ਸਕੂਲ ਤੇ ਦਰਜ ਅੰਕੜਿਆਂ ਨੂੰ ਅਧਾਰ ਬਣਾਇਆ ਗਿਆ ਹੈ ਪ੍ਰੰਤੂ ਫਿਰ ਵੀ ਸਬੰਧਤ ਬੀ.ਪੀ.ਈ.ਓਜ਼ ਸਕੂਲ ਮੁਖੀਆਂ ਨਾਲ ਸੰਪਰਕ ਕਰਕੇ ਲੋੜੀਂਦੀਆਂ ਕਿਤਾਬਾਂ ਮੁਹੱਈਆ ਕਰਵਾਉਣਗੇ। ਇਸ ਦੇ ਨਾਲ ਇਹ ਵੀ ਧਿਆਨ ਵਿੱਚ ਰੱਖਿਆ ਜਾਵੇ ਕਿ ਸਾਰੇ ਸਕੂਲ ਮੁਖੀਆਂ ਤੋਂ ਪਿਛਲੇ ਸਕੂਲ ਦੀ ਜਾਣਕਾਰੀ ਹਾਸਿਲ ਕਰਕੇ ਉਨੀਆਂ ਕਿਤਾਬਾਂ ਘੱਟ ਸਪਲਾਈ ਕੀਤੀਆਂ ਜਾਣ।
5. ਕਿਸੇ ਵੀ ਸਕੂਲ ਵਿੱਚ ਕਿਤਾਬਾਂ ਵੱਧ ਜਾਂ ਘੱਟ ਸਪਲਾਈ ਹੋਣ ਦੀ ਸੂਰਤ ਵਿੱਚ ਬੀ.ਪੀ.ਈ.ਓ. ਆਪਣੇ ਪੱਧਰ ਤੇ ਸਬੰਧਤ ਸਕੂਲ ਮੁਖੀ ਨਾਲ ਰਾਬਤਾ ਕਰਕੇ ਲੋੜੀਂਦੀਆਂ ਕਿਤਾਬਾਂ ਭੇਜਣੀਆਂ ਯਕੀਨੀ ਬਣਾਉਣਗੇ।
6. ਸਮੂਹ ਸਕੂਲ ਮੁਖੀ ਕਿਤਾਬਾਂ ਸਬੰਧੀ ਅੰਕੜੇ ਈ.ਪੰਜਾਬ ਪੋਰਟਲ ਤੇ ਤੁਰੰਤ ਅਪਲੋਡ ਕਰਨਗੇ।

ਉਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਕੋਈ ਵੀ ਵਿਦਿ. ਕਿਤਾਬਾਂ ਤੋਂ ਵਾਂਝਾ ਨਾ ਰਹੇ।

3/2/26

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ।

3/2/26

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਬਠਿੰਡਾ।